**Signature and Name of Invigilator**

1. (Signature) ____________________

   (Name) ____________________

2. (Signature) ____________________

   (Name) ____________________

**Answer Sheet No. :** ..............................................

(To be filled by the Candidate)

**Roll No.** | | | | | | | |

(In figures as per admission card)

**Roll No.** ____________________

(In words)

**Test Booklet No.**

**D—2406**

**PAPER—II**

# PUNJABI

**Time : 1¼ hours]** **[Maximum Marks : 100**

Number of Pages in this Booklet : **16** Number of Questions in this Booklet : **50**

## Instructions for the Candidates

1. Write your roll number in the space provided on the top of this page.
2. This paper consists of fifty multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the question booklet will be replaced nor any extra time will be given.**
   (iii) After this verification is over, the Serial No. of the booklet should be entered in the Answer-sheets and the Serial No. of Answer Sheet should be entered on this Booklet.
4. Each item has four alternative responses marked (A), (B), (C) and (D). You have to darken the oval as indicated below on the correct response against each item.

   **Example :** (A) (B) ⬬ (D)

   where (C) is the correct response.
5. Your responses to the items are to be indicated in the Answer Sheet given **inside the Paper I booklet only**. If you mark at any place other than in the ovals in the Answer Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your name or put any mark on any part of the test booklet, except for the space allotted for the relevant entries, which may disclose your identity, you will render yourself liable to disqualification.
9. You have to return the test question booklet to the invigilators at the end of the examination compulsorily and must not carry it with you outside the Examination Hall.
10. **Use only Blue/Black Ball point pen.**
11. **Use of any calculator or log table etc., is prohibited.**
12. **There is NO negative marking.**

## परीक्षार्थियों के लिए निर्देश

1. पहले पृष्ठ के ऊपर नियत स्थान पर अपना रोल नज़्बर लिखिए।
2. इस प्रश्न-पत्र में पचास बहुविकल्पीय प्रश्न हैं।
3. परीक्षा प्रारज़्भ होने पर, प्रश्न-पुस्तिका आपको दे दी जायेगी। पहले पाँच मिनट आपको प्रश्न-पुस्तिका खोलने तथा उसकी निज़्नलिखित जाँच के लिए दिये जायेंगे जिसकी जाँच आपको अवश्य करनी है :
   (i) प्रश्न-पुस्तिका खोलने के लिए उसके कवर पेज पर लगी कागज की सील को फाड़ लें। खुली हुई या बिना स्टीकर-सील की पुस्तिका स्वीकार न करें।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संज़्या को अच्छी तरह चैक कर लें कि ये पूरे हैं। दोषपूर्ण पुस्तिका जिनमें पृष्ठ / प्रश्न कम हों या दुबारा आ गये हों या सीरियल में न हों अर्थात किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें। इसके लिए आपको पाँच मिनट दिये जायेंगे। उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा।**
   (iii) इस जाँच के बाद प्रश्न-पुस्तिका की क्रम संज़्या उज़र-पत्रक पर अंकित करें और उज़र-पत्रक की क्रम संज़्या इस प्रश्न-पुस्तिका पर अंकित कर दें।
4. प्रत्येक प्रश्न के लिए चार उज़र विकल्प (A), (B), (C) तथा (D) दिये गये हैं। आपको सही उज़र के दीर्घवृज़ को पेन से भरकर काला करना है जैसा कि नीचे दिखाया गया है।

   **उदाहरण :** (A) (B) ⬬ (D)

   जबकि (C) सही उज़र है।
5. प्रश्नों के उज़र **केवल प्रश्न पत्र I के अन्दर दिये गये** उज़र-पत्रक पर ही अंकित करने हैं। यदि आप उज़र पत्रक पर दिये गये दीर्घवृज़ के अलावा किसी अन्य स्थान पर उज़र चिन्हांकित करते है, तो उसका मूल्यांकन नहीं होगा।
6. अन्दर दिये गये निर्देशों को ध्यानपूर्वक पढ़ें।
7. कच्चा काम (Rough Work) इस पुस्तिका के अन्तिम पृष्ठ पर करें।
8. यदि आप उज़र-पुस्तिका पर अपना नाम या ऐसा कोई भी निशान जिससे आपकी पहचान हो सके, किसी भी भाग पर दर्शाते या अंकित करते हैं तो परीक्षा के लिये अयोग्य घोषित कर दिये जायेंगे।
9. आपको परीक्षा समाप्त होने पर उज़र-पुस्तिका निरीक्षक महोदय को लौटाना आवश्यक है और परीक्षा समाप्ति के बाद अपने साथ परीक्षा भवन से बाहर न लेकर जायें।
10. **केवल नीले / काले बाल प्वाईंट पैन का ही इस्तेमाल करें।**
11. **किसी भी प्रकार का संगणक ( कैलकुलेटर ) या लाग टेबल आदि का प्रयोग वर्जित है।**
12. **गलत उज़र के लिए अंक नहीं काटे जायेंगे।**

## PUNJABI

## PAPER—II

**Note :** This paper contains **fifty** (50) objective-type questions, each question carrying **two** (2) marks. Attempt **all** of them.

1. ਭਾਸ਼ਾ ਕੀ ਹੈ :
   (A) ਸੰਚਾਰ-ਪ੍ਰਣਾਲੀ, ਪ੍ਰਤੀਕ-ਪ੍ਰਣਾਲੀ, ਆਪਹੁਦਰੀ
   (B) ਮਾਨਵ-ਕੇਂਦ੍ਰਿਤ, ਸਮਾਜ-ਕੇਂਦ੍ਰਿਤ, ਨਿਜ-ਕੇਂਦ੍ਰਿਤ
   (C) ਮੁਕਤ ਪ੍ਰਣਾਲੀ, ਪਰਿਵਰਤਨਸ਼ੀਲ, ਵਿਕਾਸਸ਼ੀਲ
   (D) ਸੰਸਕਾਰ-ਮੁਖ, ਉਚਾਰ-ਮੁਖ, ਵਿਚਾਰ-ਮੁਖ

2. ਚਿਹਨਕ ਅਤੇ ਚਿਹਨਿਤ ਕੀ ਹਨ :
   (A) ਭਾਸ਼ਕ ਪ੍ਰਣਾਲੀ
   (B) ਭਾਸ਼ਕ ਪ੍ਰਬੰਧ
   (C) ਵਿਰੋਧੀ ਜੁੱਟ
   (D) ਭਾਸ਼ਾਈ ਨੀਂਹ ਅਤੇ ਉਸਾਰ

3. 'ਕੋਈ ਭਾਸ਼ਾ, ਬੋਲ ਤੋਂ ਬਿਨਾਂ ਨਹੀਂ ਅਤੇ ਕੋਈ ਬੋਲ ਭਾਸ਼ਾ ਤੋਂ ਬਾਹਰ ਨਹੀਂ' ਦਾ ਸੰਬੰਧ ਕਿਸ ਨਾਲ ਹੈ :
   (A) ਸਿੰਟੈਗਮ ਅਤੇ ਪੈਰਾਡਾਈਮ
   (B) ਲਾਂਗ ਅਤੇ ਪੈਰੋਲ
   (C) ਚਿਹਨਕ ਅਤੇ ਚਿਹਨਿਤ
   (D) ਇਕਾਲਕ ਅਤੇ ਦੁਕਾਲਕ

4. 'ਉਹ ਸਾਡਾ ਘਰ ਹੈ' ਵਾਕ ਵਿਚ 'ਉਹ' ਦਾ ਕਾਰਜ ਹੈ :
   (A) ਨਿਸ਼ਚੇਵਾਚਕ ਵਿਸ਼ੇਸ਼ਣ
   (B) ਨਿਸ਼ਚੇਵਾਚਕ ਪੜਨਾਉਂ
   (C) ਤੀਜਾ ਪੁਰਖ ਪੜਨਾਉਂ
   (D) ਤਿੰਨਾਂ ਵਿਚੋਂ ਕੋਈ ਵੀ ਨਹੀਂ

5. ਸੰਸਾਰ ਵਿਚ ਸਭ ਤੋਂ ਪਹਿਲਾਂ ਵਿਕਸਿਤ ਹੋਈ :

(A) ਸੰਕੇਤ ਲਿਪੀ

(B) ਚਿੱਤਰ ਲਿਪੀ

(C) ਵਰਨ ਲਿਪੀ

(D) ਚਿਨ੍ਹ ਲਿਪੀ

6. ਕਾਲਕੀ ਉਪਵਾਕ ਕਿਵੇਂ ਹੋਂਦ ਵਿਚ ਆਉਂਦੇ ਹਨ :

(A) ਪਰਾਧੀਨ ਉਪਵਾਕ ਰਾਹੀਂ

(B) ਅਕਾਲਕੀ ਕ੍ਰਿਆ ਵਾਕੰਸ਼ ਰਾਹੀਂ

(C) ਕਾਲਕੀ ਕ੍ਰਿਆ ਵਾਕੰਸ਼ ਰਾਹੀਂ

(D) ਸਵਾਧੀਨ ਉਪਵਾਕ ਰਾਹੀਂ

7. ਕਿਹੜਾ ਸ਼ਬਦ-ਜੁੱਟ ਦੁਵੱਲੇ ਵਿਰੋਧੀ ਦੀ ਮਿਸਾਲ ਨਹੀਂ ਹੈ :

(A) ਕਾਲਾ-ਚਿੱਟਾ

(B) ਮੋਟਾ-ਪਤਲਾ

(C) ਉੱਚਾ-ਨੀਵਾਂ

(D) ਕਾਲਾ-ਸਿਆਹ

8. ਕਿਸ ਉਪਭਾਸ਼ਾ ਵਿਚ 'ਰ' ਧੁਨੀ ਦਾ ਲੋਪ ਨਹੀਂ ਹੁੰਦਾ :

(A) ਮਲਵਈ

(B) ਮਾਝੀ

(C) ਦੁਆਬੀ

(D) ਤਿੰਨਾਂ ਵਿਚੋਂ ਕਿਸੇ ਵਿਚ ਵੀ ਨਹੀਂ

9. **A, (ਕਥਨ) :** ਪੰਜਾਬੀ ਭਾਸ਼ਾ ਵਿਚ ਸਵਰ-ਗੁੱਛੇ ਤੇ ਵਿਅੰਜਨ-ਗੁੱਛੇ ਕਾਫ਼ੀ ਮਾਤਰਾ ਵਿਚ ਵਰਤੇ ਜਾਂਦੇ ਹਨ। ਆਮ ਬੋਲਚਾਲ ਵਿਚ ਇਨ੍ਹਾਂ ਦੀ ਕਾਫ਼ੀ ਵਰਤੋਂ ਹੁੰਦੀ ਹੈ।

**R, (ਕਾਰਨ) :** ਸਵਰ-ਗੁੱਛਿਆਂ ਦੀਆਂ ਪ੍ਰਤੀਨਿਧ ਉਦਾਹਰਨਾਂ ਹਨ - ਤਾਏ, ਲਦੇ, ਉਡਾਊ, ਮਜ਼ਦੂਰ, ਸਪਸ਼ਟ ਆਦਿ।

(A) A ਅਤੇ R ਦੋਵੇਂ ਸਹੀ ਹਨ।

(B) A ਸਹੀ ਹੈ ਪਰ R ਗ਼ਲਤ ਹੈ।

(C) A ਗ਼ਲਤ ਹੈ ਪਰ R ਸਹੀ ਹੈ।

(D) A ਸਹੀ ਹੈ ਪਰ R ਆਂਸ਼ਿਕ ਸਹੀ ਹੈ।

10.

| | **ਸੂਚੀ I** | | **ਸੂਚੀ II** |
|---|---|---|---|
| (a) | ੳ, ਅ, ੲ | (i) | ਗਿੱਲ ਤੇ ਗਲੀਸਨ |
| (b) | ਭਾਸ਼ਕ ਇਕਾਈ | (ii) | ਵਿਅਕਤੀਗਤ ਉਚਾਰ |
| (c) | ਭਾਸ਼ਾ ਕੋਡ | (iii) | ਸਵਰ-ਵਾਹਕ |
| (d) | ਰੈਫਰੈਂਸ ਗ੍ਰਾਮਰ | (iv) | ਰੂਪਗ੍ਰਾਮ |

ਉਪਰੋਕਤ ਦਾ ਸਹੀ ਕ੍ਰਮ ਦੱਸੋ :

| | a | b | c | d |
|---|---|---|---|---|
| (A) | iv | iii | ii | i |
| (B) | ii | iv | ii | i |
| (C) | iv | ii | i | iii |
| (D) | ii | i | iii | iv |

**<u>ਪੈਰਾ</u>**

ਅਰਥ-ਸੂਚਕ ਪ੍ਰਕ੍ਰਿਆ ਵਿਚ ਜ਼ੀਨੋਪਾਠ ਤੇ ਫੀਨੋਪਾਠ ਦੋਵੇਂ ਸ਼ਾਮਿਲ ਹਨ। ਜੂਲੀਆ ਕ੍ਰਿਸਤੀਵਾ ਦੇ ਉੱਤਰ-ਸੰਰਚਨਾਵਾਦੀ ਚਿੰਤਨ ਅਨੁਸਾਰ ਸਿੱਧਾਂਤ ਨੂੰ ਵਿਹਾਰ ਤੋਂ ਅੱਡ ਨਹੀਂ ਕੀਤਾ ਜਾ ਸਕਦਾ। ਉੱਤਰ-ਸੰਰਚਨਾਵਾਦੀ ਚਿੰਤਨ ਸਾਹਿਤਕ ਰਚਨਾ ਨੂੰ ਸੀਮਿਤ ਅਤੇ ਸੁਨਿਸਚਿਤ ਅਰਥਾਂ ਵਾਲੀ ਬੰਦ ਹੋਂਦ ਮੰਨਣ ਤੋਂ ਇਨਕਾਰੀ ਹੈ। ਇਹ ਸਾਹਿਤਕ ਕਿਰਤ ਨੂੰ ਚਿਨ੍ਹਕਾਂ ਦੀ ਕਦੇ ਨਾ ਮੁੱਕਣ ਵਾਲੀ ਖੇਡ ਦੇ ਰੂਪ ਵਿਚ ਦੇਖਦਾ ਹੈ, ਜਿਸਨੂੰ ਕਦੇ ਵੀ ਇਕ ਕੇਂਦਰ, ਸਾਰ ਜਾਂ ਅਰਥ ਤਕ ਅਟਾਇਆ ਨਹੀਂ ਜਾ ਸਕਦਾ।

11. ਉਪਰੋਕਤ ਪੈਰੇ ਵਿਚ ਲੇਖਕ ਦਾ ਕੇਂਦਰੀ ਸਾਰਤੱਤ ਹੈ :

(A) ਸਾਹਿਤਕ ਰਚਨਾ ਅਰਥਯੁਕਤ ਬੰਦ ਹੋਂਦ ਹੈ

(B) ਸਾਹਿਤਕ ਰਚਨਾ ਚਿਨ੍ਹਕਾਂ ਦੀ ਅਟੁਟ ਲੜੀ ਹੈ

(C) ਸਾਹਿਤਕ ਰਚਨਾ ਇਕ-ਕੇਂਦਰੀ ਹੁੰਦੀ ਹੈ

(D) ਸਾਹਿਤਕ ਰਚਨਾ ਵਿਚ ਸਿੱਧਾਂਤ ਤੇ ਵਿਹਾਰ ਦੀ ਇਕ ਸੁਰਤਾ

12. ਉਪਰੋਕਤ ਪੈਰੇ ਵਿਚ ਲੇਖਕ ਕਾ ਮੂਲ ਤਰਕ ਹੈ :

(A) ਸਿੱਧਾਂਤ ਤੇ ਵਿਹਾਰ ਦਾ ਚਿੰਤਨ

(B) ਸਿੱਧਾਂਤ ਤੇ ਵਿਹਾਰ ਦਾ ਵਿਸ਼ਲੇਸ਼ਣ

(C) ਵਿਹਾਰ ਵਿਚੋਂ ਸਿੱਧਾਂਤ ਦਾ ਉਦੈ

(D) ਸਿੱਧਾਂਤ ਤੇ ਵਿਹਾਰ ਦਾ ਅਨੁਸਰਨ

13. ਉੱਤਰ-ਆਧੁਨਿਕਤਾ ਦਾ ਖੇਤਰ ਹੈ :

(A) ਮਹਾ-ਬਿਰਤਾਂਤਾਂ ਦੀ ਨਿਰਹੋਂਦ

(B) ਪ੍ਰਬੰਧ ਦਾ ਨੈਤਿਕ ਆਧਾਰ

(C) ਉਪਭੋਗੀ ਸਭਿਆਚਾਰ ਦਾ ਫੈਲਾਉ

(D) ਸਾਪੇਖਵਾਦ ਦੀ ਕ੍ਰਾਂਤੀਕਾਰੀ ਭੂਮਿਕਾ

14. ਸਾਹਿਤ ਯੋਗਤਾ ਅਤੇ ਸਾਹਿਤ ਨਿਭਾਉ ਦੇ ਮਾਡਲ ਦਾ ਸ੍ਰੋਤ ਹੈ :

(A) ਸਾਹਿਤ-ਸ਼ਾਸਤਰ

(B) ਭਾਸ਼ਾ-ਵਿਗਿਆਨ

(C) ਚਿਨ੍ਹ-ਵਿਗਿਆਨ

(D) ਕਾਵਿ-ਸ਼ਾਸਤਰ

15. ਸ਼ੈਲੀ-ਵਿਗਿਆਨਕ ਪ੍ਰਣਾਲੀ ਵਿਚ ਸੁਮੇਲ ਹੈ :

(A) ਸੰਰਚਨਾਵਾਦ ਤੇ ਰੂਪਵਾਦ ਦਾ

(B) ਉੱਤਰ-ਆਧੁਨਿਕਤਾ ਤੇ ਆਧੁਨਿਕਵਾਦ ਦਾ

(C) ਚਿਨ੍ਹ-ਵਿਗਿਆਨ ਤੇ ਸਮਾਜ-ਸ਼ਾਸਤਰ ਦਾ

(D) ਭਾਸ਼ਾ-ਵਿਗਿਆਨ ਤੇ ਸਾਹਿਤ-ਆਲੋਚਨਾ ਦਾ

16. ਪ੍ਰਗਤੀਵਾਦ ਕੀ ਹੈ :

(A) ਮਾਰਕਸਵਾਦੀ ਪ੍ਰਣਾਲੀ ਦਾ ਦੂਜਾ ਨਾਂਅ

(B) ਯਥਾਰਥਵਾਦੀ ਆਲੋਚਨਾ ਸਿੱਧਾਂਤ

(C) ਰੋਮਾਂਸਵਾਦ ਦੀ ਵਿਰੋਧੀ ਸਾਹਿਤ-ਧਾਰਾ

(D) ਸਾਹਿਤ ਤੇ ਸਮਾਜਕ ਤਬਦੀਲੀ ਦੀ ਖੱਬੇ-ਪੱਖੀ ਲਹਿਰ

17. *"ਅਵਲ ਹਮਦ ਖ਼ੁਦਾਇ ਦਾ ਵਿਰਦ ਕੀਜੈ*
*ਇਸਕ ਕੀਤਾ ਸੁ ਜਗ ਦਾ ਮੂਲ ਮੀਆਂ'* ਕੀ ਹੈ ? :

(A) ਮੰਗਲਾਚਰਣ

(B) ਹਮਦ

(C) ਮਹਾਤਮ

(D) ਮਕਤਾ

18. ਹੇਠ ਲਿਖਿਆਂ ਵਿਚੋਂ ਕਿਹੜਾ ਜੁੱਟ ਸਹੀ ਹੈ :

(A) ਵਿਰਚਨਾਵਾਦ – ਰੋਲਾਂ ਬਾਰਤ

(B) ਵਿਰਚਨਾ ਸਿੱਧਾਂਤ – ਤੈਲ ਕੁਐਲ ਗਰੁੱਪ

(C) ਯਕ ਲਾਕਾਂ – ਭਾਸ਼ਾ ਅਤੇ ਕ੍ਰਾਂਤੀ

(D) ਫੂਕੋ ਤੇ ਸਈਦ – ਪ੍ਰਵਚਨ ਤੇ ਸ਼ਕਤੀ

19. ਪੰਜਾਬੀ ਅਕਾਦਮੀ ਦਿੱਲੀ ਦੇ 'ਪੰਜਾਬੀ ਸਾਹਿਤ ਦਾ ਇਤਿਹਾਸ' ਪ੍ਰਾਜੈਕਟ ਦੀਆਂ ਕਿੰਨੀਆਂ ਜਿਲਦਾਂ ਪ੍ਰਕਾਸ਼ਿਤ ਹੋਈਆਂ ਹਨ :

(A) 1 ਤੋਂ 15

(B) 2 ਤੋਂ 14

(C) 2 ਤੋਂ 13

(D) 3 ਤੋਂ 14

20. ਮੱਧਕਾਲੀ ਪੰਜਾਬੀ ਸਾਹਿਤ ਦੀ ਖੋਜ ਦਾ ਮਹੱਤਵਪੂਰਨ ਸ੍ਰੋਤ ਗ੍ਰੰਥ ਹੈ :

(A) ਜਤਿੰਦਰ ਸਾਹਿਤ ਸਰੋਵਰ – ਡਾ. ਮੋਹਨ ਸਿੰਘ ਦੀਵਾਨਾ

(B) A lingustic survey of India - G. Greasson

(C) ਪੰਜਾਬ ਮੇਂ ਉਰਦੂ – ਹਾਫ਼ਿਜ਼ ਮਹਿਮੂਦ ਸ਼ੀਰਾਨੀ

(D) ਬੰਬੀਹਾ ਬੋਲ – ਬਾਵਾ ਬੁੱਧ ਸਿੰਘ

21. ਮੁਕਤਕ ਕਾਵਿ ਕਿਸ ਦਾ ਭੇਦ ਹੈ :

(A) ਸ੍ਵ ਕਾਵਿ ਦਾ

(B) ਮਹਾਕਾਵਿ ਦਾ

(C) ਪ੍ਰਬੰਧ ਕਾਵਿ ਦਾ

(D) ਦ੍ਰਿਸ ਕਾਵਿ ਦਾ

22. ਭਾਰਤੀ ਕਾਵਿ ਸ਼ਾਸਤਰ ਦਾ ਕੇਂਦਰੀ ਪ੍ਰਸ਼ਨ ਹੈ :

(A) ਕਾਵਿ–ਰਸ ਦੀ ਅਭਿਵਿਅਕਤੀ

(B) ਕਾਵਿ–ਸ਼ਾਸਤਰ ਦੀ ਉਸਾਰੀ

(C) ਨਾਟਯ–ਸ਼ਾਸਤਰ ਦੀ ਪਰਿਕਲਪਨਾ

(D) ਕਾਵਿ ਦੀ ਆਤਮਾ

23.

| | ਸੂਚੀ I | | ਸੂਚੀ II |
|---|---|---|---|
| (a) | ਧੁਨੀ ਸੰਪ੍ਰਦਾਇ | (i) | ਭਰਤਮੁਨੀ |
| (b) | ਨਾਟਯ–ਸ਼ਾਸਤਰ | (ii) | ਉਭਯ ਅਲੰਕਾਰ |
| (c) | ਸਾਹਿਤਯ ਦਰਪਣ | (iii) | ਆਨੰਦ ਵਰਧਨ |
| (d) | ਸ਼ਬਦਾਰਥ | (iv) | ਵਿਸ਼ਵਨਾਥ |

ਉਪਰੋਕਤ ਦਾ ਸਹੀ ਕ੍ਰਮ ਦੱਸੋ :

| | a | b | c | d |
|---|---|---|---|---|
| (A) | i | ii | iii | iv |
| (B) | iii | i | iv | ii |
| (C) | ii | iii | iv | i |
| (D) | iv | iii | i | ii |

24. (ੳ) : ਸਾਹਿਤ-ਰਚਨਾ ਦੇ ਅਧਿਐਨ ਲਈ ਸਾਹਿਤਕ ਪਾਠ ਦਾ ਮਹੱਤਵ ਹੈ, ਪ੍ਰਸੰਗ ਦਾ ਕੋਈ ਮਹੱਤਵ ਨਹੀਂ।

(ਅ) : ਸਾਹਿਤ-ਰਚਨਾ ਦੇ ਅਧਿਐਨ ਲਈ ਸਾਹਿਤਕ ਪਾਠ ਦਾ ਵਿਸ਼ੇਸ਼ ਮਹੱਤਵ ਹੈ।

(ੲ) : ਸਾਹਿਤ-ਰਚਨਾ ਦੇ ਅਧਿਐਨ ਲਈ ਸਭਿਆਚਾਰਕ ਪ੍ਰਸੰਗ ਦਾ ਗਿਆਨ ਮਹੱਤਵਪੂਰਨ ਹੈ।

ਇਨ੍ਹਾਂ ਵਿਚੋਂ ਕਿਹੜਾ ਸਹੀ ਹੈ ?

(A) 'ੳ', 'ਅ' ਸਹੀ ਹਨ, 'ੲ' ਗ਼ਲਤ ਹੈ

(B) 'ਅ' ਤੇ 'ੲ' ਸਹੀ ਹਨ, 'ੳ' ਗ਼ਲਤ ਹੈ

(C) 'ੳ', 'ਅ' ਅਤੇ 'ੲ' ਤਿੰਨੋ ਗ਼ਲਤ ਹਨ

(D) 'ਅ' ਅਤੇ 'ੲ' ਸਹੀ ਹਨ, ਪਰ 'ੳ' ਆਂਸ਼ਿਕ ਸਹੀ ਹੈ

25. **A, (ਕਥਨ) :** ਉੱਤਰ-ਸੰਰਚਨਾਵਾਦੀ ਉਸਾਰ ਸੰਰਚਨਾਵਾਂ ਬਾਰੇ ਚਿੰਤਨ ਨੂੰ ਅਤੇ ਖ਼ਾਸ ਤੌਰ ਤੇ ਇਸ ਦੇ ਵਸਤੂਨਿਸ਼ਠਤਾ ਦੇ ਪਰੰਪਰਾਗਤ ਵਿਚਾਰ ਨੂੰ ਇਕ ਪਾਸੇ ਤੇ ਦੂਜੇ ਪਾਸੇ ਸਤਿ ਦੇ ਆਦਰਸ਼ ਅਤੇ ਨਿਸ਼ਾਨ ਦੀਆਂ ਦਾਰਸ਼ਨਿਕ ਪ੍ਰਵਿਰਤੀਆਂ ਨੂੰ ਤੋੜ-ਮਰੋੜ ਦਿੰਦੇ ਹਨ।

**R, (ਕਾਰਨ) :** ਕਿਉਂਕਿ ਇਹ ਵਸਤੂਨਿਸ਼ਠਤਾ ਅਤੇ ਸਤਿ ਨੂੰ ਵੀ ਰੱਦ ਕਰ ਦਿੰਦੇ ਹਨ, ਇਸ ਲਈ ਵਿਰੋਧਾਭਾਸ਼ੀ ਪੱਖਾਂ ਨੂੰ ਆਧਾਰ ਬਣਾਉਣ ਤੋਂ ਇਨਕਾਰੀ ਹੋ ਜਾਂਦੇ ਹਨ।

(A) A ਸਹੀ ਹੈ ਪਰ R ਗਲਤ ਹੈ।

(B) A ਅਤੇ R ਦੋਵੇਂ ਸਹੀ ਹਨ।

(C) A ਆਂਸ਼ਕ ਰੂਪ ਵਿਚ ਅਤੇ R ਪੂਰਨ ਰੂਵ ਵਿਚ ਸਹੀ ਹੈ।

(D) A ਪੂਰਨ ਰੂਪ ਵਿਚ ਅਤੇ R ਆਂਸ਼ਿਕ ਰੂਪ ਵਿਚ ਸਹੀ ਹੈ।

**ਪੈਰਾ**

ਅੰਗ੍ਰੇਜ਼ ਸ਼ਾਸਕਾਂ ਵਲੋਂ ਮੱਧਕਾਲੀਨ ਜਾਗੀਰਦਾਰੀ ਪ੍ਰਬੰਧ ਦੀ ਥਾਂ ਪੂੰਜੀਵਾਦੀ ਪ੍ਰਬੰਧ ਦੀ ਸਥਾਪਨਾ ਕੀਤੀ ਗਈ। ਉਨ੍ਹਾਂ ਵਲੋਂ ਮਸ਼ੀਨੀਕਰਨ, ਉਦਯੋਗੀਕਰਨ ਤੇ ਸ਼ਹਿਰੀਕਰਨ ਆਦਿ ਵਰਗੇ ਵਿਨਾਸ ਕਾਰਜ ਜ਼ਰੂਰ ਹੋਏ, ਪਰ ਉਨ੍ਹਾਂ ਦੀ ਮੁੱਖ ਰੁਚੀ ਮੁਨਾਫ਼ਾਖ਼ੋਰੀ ਦੀ ਸੀ। ਇਸੇ ਲਈ ਉਨ੍ਹਾਂ ਨੇ ਮੰਡੀਕਰਨ ਦੀ ਰੁਚੀ ਰਾਹੀਂ ਆਰਥਿਕ ਲੁੱਟਖਸੁੱਟ ਦਾ ਪੂਰਾ ਬਸਤੀਵਾਦੀ ਰਾਜਸੀ ਸਿਸਟਮ ਜਾਰੀ ਰੱਖਿਆ। ਉਨ੍ਹਾਂ ਨੇ ਭਾਵੇਂ ਨਵੇਂ ਕਾਨੂੰਨ ਬਨਾਏ ਤੇ ਵਿਦਿਅਕ ਢਾਂਚਾ ਬਦਲਿਆ, ਪਰ ਸਾਰਿਆਂ ਵਿਚ ਆਪਣਾ ਸੁਆਰਥ ਹੀ ਮੁੱਖ ਰੱਖਿਆ। ਬਸਤੀਵਾਦੀ ਢੰਗਾਂ ਦਾ ਇਕ ਖ਼ਤਰਨਾਕ ਪਹਿਲੂ ਇਤਿਹਾਸ, ਧਰਮ ਤੇ ਸਭਿਆਚਾਰ ਦੀਆਂ ਲਿਖਤਾਂ ਨੂੰ ਵਿਰੂਪਿਤ ਕਰਨ, ਗ਼ਲਤ ਅੰਕੜੇ ਮੁਹਈਆ ਕਰਨ ਅਤੇ ਕਿਰਦਾਰ ਦੀ ਗ਼ਲਤ ਸ਼ਨਾਖ਼ਤ ਰਾਹੀਂ ਬਿੰਬ ਵਿਰੂਪਨ ਲਈ ਚੁੱਕੇ ਖ਼ੁਫ਼ੀਆ ਕਦਮ ਸਨ ਜਿਨ੍ਹਾਂ ਦੀਆਂ ਕਈ ਪਰਤਾਂ ਅਜੇ ਤਕ ਇਤਿਹਾਸਕ ਰਿਕਾਰਡਾਂ ਤੇ ਦਸਤਾਵੇਜ਼ਾਂ ਵਿਚ ਲੁਕੀਆਂ ਪਈਆਂ ਹਨ।

ਉਪਰੋਕਤ ਪੈਰੇ ਦੇ ਆਧਾਰ ਤੇ ਦੱਸੋ :

26. ਇਸ ਪੈਰੇ ਦਾ ਕੇਂਦਰੀ ਸਾਰ ਹੈ :

(A) ਉਦਯੋਗਕ ਕ੍ਰਾਂਤੀ ਦਾ ਆਗਾਜ਼ ਤੇ ਸ਼ਹਿਰੀਕਰਨ

(B) ਲੋਕ ਹਿਤਕਾਰੀ ਕੰਮਾਂ ਵਿਚ ਰੁਚੀ ਤੇ ਸਹੂਲਤਾਂ

(C) ਬਸਤੀਵਾਦੀ ਪ੍ਰਬੰਧ ਦੀ ਸਥਾਪਨਾ ਦੇ ਸਰੋਕਾਰ

(D) ਤੱਥਾਂ ਦੀ ਗ਼ਲਤ ਪੇਸ਼ਕਾਰੀ ਅਤੇ ਵਿਰੂਪਣ

27. ਉਪਰੋਕਤ ਪੈਰੇ ਵਿਚ ਲੇਖਕ ਦਾ ਮੁੱਖ ਬਲ ਕਿਸ ਉੱਪਰ ਹੈ :

(A) ਵਿਦਿਅਕ ਢਾਂਚੇ ਦਾ ਪਰਿਵਰਤਨ ਤੇ ਵਿਕਾਸ

(B) ਆਰਥਿਕ ਲੁੱਟਖਸੁੱਟ ਅਤੇ ਸਭਿਆਚਾਰਕ ਤੱਥਾਂ ਦਾ ਵਿਰੂਪਣ

(C) ਸੰਚਾਰ-ਵਿਵਸਥਾ ਤੇ ਆਵਾਜਾਈ ਦੀਆਂ ਸਹੂਲਤਾਂ

(D) ਨਵਾਂ ਕਾਨੂੰਨ-ਨਿਰਮਾਣ ਤੇ ਮੰਡੀਕਰਨ ਦੀ ਰੁਚੀ

28. ਲੇਖਕਾਂ ਦਾ ਕਿਹੜਾ ਵਰਗ ਇਕੋ ਕਾਲ ਨਾਲ ਸੰਬੰਧਿਤ ਹੈ :

(A) ਪੂਸ਼ਯ, ਗੋਰਖ, ਵਜੀਦ

(B) ਗੋਰਖ, ਦਮੋਦਰ, ਖੁਸਰੋ

(C) ਫਰੀਦ, ਗੋਰਖ, ਅਹਿਮਦਯਾਰ

(D) ਫਰੀਦ, ਚਰਪਟ, ਖੁਸਰੋ

29.

| | ਸੂਚੀ I | | ਸੂਚੀ II |
|---|---|---|---|
| (a) | ਓਅੰਕਾਰ ਦੱਖਣੀ | (i) | ਗੁਰੂ ਅਰਜਨ ਦੇਵ |
| (b) | ਮਿਰਜ਼ਾ ਸਾਹਿਬਾਂ | (ii) | ਭਾਈ ਮਨੀ ਸਿੰਘ |
| (c) | ਬਾਰਹ ਮਾਹ ਮਾਝ | (iii) | ਗੁਰੂ ਨਾਨਕ ਦੇਵ |
| (d) | ਸਿੱਖਾਂ ਦੀ ਭਗਤਮਾਲ | (iv) | ਪੀਲੂ |

ਉਪਰੋਕਤ ਵਿਚ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | i | ii | iii | iv |
| (B) | i | iii | iv | ii |
| (C) | i | iv | ii | iii |
| (D) | iii | iv | i | ii |

30. 'ਮੈਂ ਸਾਰੇ ਦਾ ਸਾਰਾ' ਕਿਸ ਕਵੀਦਾ ਸਮੁੱਚਾ ਕਾਵਿ–ਸੰਗ੍ਰਹਿ ਹੈ :

(A) ਹਰਭਜਨ ਹਲਵਾਰਵੀ

(B) ਪ੍ਰੀਤਮ ਸਿੰਘ ਸਫ਼ੀਰ

(C) ਹਰਿਭਜਨ ਸਿੰਘ

(D) ਦੇਵ

31. 'ਪੱਛਮ ਦਾ ਮਾਇਆਜਾਲ' ਸਫ਼ਰਨਾਮਾ ਕਿਸ ਦਾ ਹੈ :

(A) ਸੰਤੋਖ ਸਿੰਘ ਧੀਰ

(B) ਗਿਆਨੀ ਗੁਰਦਿੱਤ ਸਿੰਘ

(C) ਹਰਚਰਨ ਸਿੰਘ

(D) ਹਰਭਜਨ ਹਲਵਾਰਵੀ

32. *"ਬਾਹਰੋਂ ਆਇਆ ਬਾਬਾ ਲਸ਼ਕਰੀ*
*ਜਾਂਦਾ ਜਾਂਦਾ ਕਰ ਗਿਆ ਮਸ਼ਕਰੀ'* ਬੁਝਾਰਤ ਦਾ ਉੱਤਰ ਹੈ :

(A) ਕੁਆਰਾ ਮੁੰਡਾ

(B) ਭੂੰਡ

(C) ਕਾਂ

(D) ਜੋਗੀ

33.

| | ਸੂਚੀ I | | ਸੂਚੀ II |
|---|---|---|---|
| (a) | ਜਾਦੂ–ਟੂਣਾ | (i) | ਲੋਕ ਸਾਹਿਤ |
| (b) | ਦੰਤ–ਕਥਾ | (ii) | ਲੋਕ–ਵਿਸ਼ਵਾਸ |
| (c) | ਸੂਤਕ | (iii) | ਮੋਟਿਫ |
| (d) | ਪੰਜ ਪੀਰ | (iv) | ਅਨੁਸ਼ਠਾਨ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ?

| | a | b | c | d |
|---|---|---|---|---|
| (A) | iii | iv | ii | i |
| (B) | ii | i | iv | iii |
| (C) | iii | ii | i | iv |
| (D) | i | ii | iv | iii |

34. Folklose Universals ਮਹੱਤਵਪੂਰਨ ਹਨ :

(A) ਮਾਨਸਿਕ ਤੇ ਰਾਜਨੀਤਿਕ ਸੰਗਠਨ ਲਈ

(B) ਥੀਮ, ਘਟਨਾ ਤੇ ਪਾਤਰਾਂ ਦੀ ਹੋਂਦ ਲਈ

(C) ਸਮਾਜਕ ਵਿਸਤਾਰ ਤੇ ਸੰਚਾਰ ਲਈ

(D) ਮਾਨਵ ਦੇ ਰੇਖਿਕ ਨਿਕਾਸ ਲਈ

35. 'ਦੰਤ ਕਥਾ' ਦਾ ਆਧਾਰ ਹੈ :

(A) ਪ੍ਰੇਤ ਤੇ ਜਨੌਰ

(B) ਇਤਿਹਾਸ ਤੇ ਮਿੱਥ

(C) ਪਰੀ ਤੇ ਪ੍ਰੇਤ

(D) ਨੀਤੀ ਤੇ ਆਦਰਸ਼

36. **A, (ਕਥਨ) :** ਮੌਖਿਕ ਪਰੰਪਰਾ ਦਾ ਲੋਕਧਾਰਾ ਵਿਚ ਬਹੁਤ ਜ਼ਰੂਰੀ ਸਥਾਨ ਹੈ ਕਿਉਂਕਿ ਇਸ ਦੇ ਕਈ ਪ੍ਰਕਾਰਜ ਹਨ। ਇਹ ਲੋਕ ਸਭਿਆਚਾਰ ਅਤੇ ਲੋਕ ਜੀਵਨ ਵਿਚ ਅੰਤਰ ਕਰਦੀ ਹੋਈ ਇਤਿਹਾਸ ਅਤੇ ਲੋਕਧਾਰਾ ਨੂੰ ਵੀ ਵਖਰਿਆਉਂਦੀ ਹੈ।

**R, (ਕਾਰਨ) :** ਕਿਉਂਕਿ ਇਸ ਦਾ ਖੇਤਰ ਸਮਾਜ-ਸ਼ਾਸਤਰ ਤੋਂ ਲੋਕਧਾਰਾ ਨੂੰ ਅੱਡ ਕਰਦੇ ਹੋਏ ਮੌਖਿਕ ਸਭਿਆਚਾਰ ਦੀ ਪ੍ਰਤਿਨਿਧਤਾ ਕਰਨਾ ਹੈ ਤੇ ਇਸ ਨੂੰ ਮਨੁੱਖੀ ਵਿਗਿਆਨ ਤੋਂ ਅੱਡ ਰੂਪ ਵਿਚ ਪੇਸ਼ ਕਰਨਾ ਹੈ।

(A) A ਅਤੇ R ਆਂਸ਼ਿਕ ਰੂਪ ਵਿਚ ਸਹੀ ਹਨ

(B) A ਅਤੇ R ਦੋਵੇ ਸਹੀ ਹਨ

(C) A ਸਹੀ ਹੈ ਅਤੇ R ਆਂਸ਼ਿਕ ਰੂਪ ਵਿਚ ਸਹੀ ਹੈ

(D) A ਆਂਸ਼ਿਕ ਸਹੀ ਹੈ ਅਤੇ R ਪੂਰੀ ਤਰ੍ਹਾਂ ਸਹੀ ਹੈ

37. ਪੰਜਾਬੀ ਪਹਿਰਾਵੇ ਵਿਚ 'ਸਲਵਾਰ ਕਮੀਜ਼' ਕਿਸ ਪ੍ਰਭਾਵ ਦੀ ਸੂਚਕ ਹੈ :

(A) ਪਾਰਸੀ

(B) ਆਰੀਆਈ

(C) ਇਸਲਾਮੀ

(D) ਯੂਨਾਨੀ

38. ਕਿਹੜਾ ਜੁੱਟ ਸਹੀ ਨਹੀਂ ਹੈ :

(A) 'ਸਾਇੰਸ ਆੱਫ਼ ਫੋਕਲੋਰ' – ਏ.ਐੱਚ. ਕ੍ਰੱਪੇ

(B) 'ਮੱਧਕਾਲੀਨ ਕਥਾ ਰੂਪ ਤੇ ਪਰੰਪਰਾ' – ਵਣਜਾਰਾ ਬੇਦੀ

(C) 'ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ' – ਕਰਨੈਲ ਸਿੰਘ ਥਿੰਦ

(D) 'ਲੋਕ ਆਖਦੇ ਹਨ' – ਦੇਵਿੰਦਰ ਸਤਿਆਰਥੀ

39. 'ਪੰਜਾਬੀ ਸ਼ਤਾਬਦੀ' ਪੁਸਤਕ ਦਾ ਮੂਲ ਲੇਖਕ ਹੈ :

(A) ਬਲਵੰਤ ਗਾਰਗੀ

(B) ਪ੍ਰਕਾਸ਼ ਟੰਡਨ

(C) ਕੁਲਦੀਪ ਨਈਅਰ

(D) ਖੁਸ਼ਵੰਤ ਸਿੰਘ

40. ਲੋਕ ਵਿਸ਼ਵਾਸ ਅਨੁਸਾਰ ਕਿਸ ਦੀ ਪੂਜਾ ਹੁੰਦੀ ਹੈ :

(A) ਕੇਲਾ, ਤੁਲਸੀ, ਪਿੱਪਲ

(B) ਕੇਲਾ, ਤੁਲਸੀ, ਅੰਬ

(C) ਪਿੱਪਲ, ਤੁਲਸੀ, ਨਿੰਮ

(D) ਅੰਬ, ਨਿੰਮ, ਬਿਲ

41. 'ਗੁਰੂ ਗ੍ਰੰਥ ਸਾਹਿਬ' ਵਿਚ ਕਿਸ ਦੇ ਕੇਵਲ ਸ਼ਲੋਕ ਹੀ ਦਰਜ ਹਨ :

(A) ਬਾਬਾ ਫ਼ਰੀਦ

(B) ਗੁਰੂ ਨਾਨਕ ਦੇਵ

(C) ਗੁਰੂ ਅੰਗਦ ਦੇਵ

(D) ਨਾਮਦੇਵ

42. ਫੁਲਕਾਰੀ ਕੀ ਹੈ :

(A) ਫੁੱਲਾਂ ਦੀ ਕਿਆਰੀ

(B) ਦੀਵਾਰ ਉੱਤੇ ਕੀਤੀ ਚਿੱਤਰਕਾਰੀ

(C) ਗਹਿਣੇ ਅਤੇ ਮੀਨਾਕਾਰੀ

(D) ਕਢਾਈ ਵਾਲਾ ਸਿਰ ਦਾ ਕੱਪੜਾ

43. 'ਟੋਟਮ' ਤੋਂ ਭਾਵ ਹੈ :

(A) ਸਭਿਆਚਾਰਕ ਮਾਨਸਿਕਤਾ

(B) ਸਭਿਆਚਾਰਕ ਚਿਨ੍ਹ

(C) ਸਭਿਆਚਾਰਕ ਜੀਵਨ-ਜਾਂਚ

(D) ਸਭਿਆਚਾਰਕ ਵਰਜਨਾ

44. ਕਿਹੜਾ ਜੁੱਟ ਸਹੀ ਹੈ :

| | | | |
|---|---|---|---|
| (A) | ਪੰਜਾਬੀ ਆਲੋਚਨਾ | – | ਪੰਜਾਬੀ ਸਾਹਿਤ ਅਕਾਡਮੀ |
| (B) | ਪਰਖ | – | ਪੰਜਾਬ ਯੂਨੀਵਰਸਿਟੀ |
| (C) | ਖੋਜ-ਪਤ੍ਰਿਕਾ | – | ਗੁਰੂ ਨਾਨਕ ਦੇਵ ਯੂਨੀਵਰਸਿਟੀ |
| (D) | ਖੋਜ-ਦਰਪਣ | – | ਪੰਜਾਬੀ ਯੂਨੀਵਰਸਿਟੀ |

45. ਪੰਜਾਬੀ ਵਿਚ ਇਤਿਹਾਸਕ ਆਲੋਚਨਾ ਦਾ ਪ੍ਰਮੁਖ ਵਿਦਵਾਨ ਹੈ :

(A) ਰਤਨ ਸਿੰਘ ਜੱਗੀ

(B) ਹਰਿਭਜਨ ਸਿੰਘ

(C) ਸੰਤ ਸਿੰਘ ਸੇਖੋਂ

(D) ਪ੍ਰੀਤਮ ਸਿੰਘ

46. ਇਨ੍ਹਾਂ ਵਿਚੋਂ ਕਿਹੜਾ ਜੁੱਟ ਸਹੀ ਹੈ :

(A) ਵਿਹਾਰਕ ਸਮੀਖਿਆ – ਗੁਰਚਰਨ ਸਿੰਘ ਅਰਸ਼ੀ

(B) ਮੱਧਕਾਲੀ ਸ਼ਬਦ ਸਭਿਆਚਾਰ – ਸਤਿੰਦਰ ਸਿੰਘ

(C) ਸਾਹਿਤ ਸਿੱਧਾਂਤ ਤੇ ਵਿਹਾਰ – ਸੁਤਿੰਦਰ ਸਿੰਘ ਨੂਰ

(D) ਸਮੀਖਿਆ ਦ੍ਰਿਸ਼ਟੀਆਂ – ਜਗਬੀਰ ਸਿੰਘ

47.

| | ਸੂਚੀ I | | ਸੂਚੀ II |
|---|---|---|---|
| (a) | ਪਿਆਰ ਤੇ ਪਰਿਵਾਰ | (i) | ਸਾਹਿਬ ਸਿੰਘ |
| (b) | ਸਮਦਰਸ਼ਨ | (ii) | ਹਰਿਭਜਨ ਸਿੰਘ |
| (c) | ਗੁਰਬਾਣੀ ਵਿਆਕਰਨ | (iii) | ਰਤਨ ਸਿੰਘ ਜੱਗੀ |
| (d) | ਸਿੱਖ ਪੰਥ ਵਿਸ਼ਵ ਕੋਸ਼ | (iv) | ਅਤਰ ਸਿੰਘ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ

| | a | b | c | d |
|---|---|---|---|---|
| (A) | ii | i | iii | iv |
| (B) | iv | i | ii | iii |
| (C) | i | ii | iii | iv |
| (D) | ii | iv | i | iii |

48. ਖੋਜ-ਪ੍ਰਬੰਧ ਵਿਚ ਕਿਹੜੇਂ ਅੰਗ ਵਧੇਰੇ ਮਹੱਤਵਪੂਰਨ ਹਨ :

(A) ਅੰਤਿਕਾ – ਪਰਿਸ਼ਿਸ਼ਟ

(B) ਪ੍ਰਸਤਾਵਨਾ – ਸੰਕੇਤਾਵਲੀ

(C) ਹਵਾਲੇ – ਪੁਸਤਕ-ਸੂਚੀ

(D) ਰੂਪਰੇਖਾ – ਅਧਿਆਇ-ਵੰਡ

49. Compartive Cosmology ਕਿਸ ਖੇਤਰ ਦਾ ਉਪ-ਅਨੁਸ਼ਾਸਨ ਹੈ :

(A) ਸਭਿਆਚਾਰ-ਜਗਤ

(B) ਲੋਕਧਾਰਾ-ਸੰਸਾਰ

(C) ਸਾਹਿਤ-ਸੰਸਾਰ

(D) ਭਾਸ਼ਾ-ਜਗਤ

50. ਮੱਧਕਾਲੀ ਪੰਜਾਬੀ ਸਾਹਿਤ ਦੀ ਇਕ ਮੁੱਖ ਖੋਜ ਸਮੱਸਿਆ ਹੈ :

(A) ਬਹੁਭਾਸ਼ਾਈ ਸਮਰਥਾ ਦੀ ਅਣਹੋਂਦ

(B) ਅਰਬੀ ਫ਼ਾਰਸੀ ਦੀ ਅਗਿਆਨਤਾ

(C) ਧਰਮ-ਸ਼ਾਸਤਰਾਂ ਦੀ ਨਾਵਾਕਫ਼ੀ

(D) ਸਮਾਜਕ ਵਿਗਿਆਨਾਂ ਦਾ ਅਗਿਆਨ

- o 0 o -

**Space For Rough Work**